FirstRanker.com
Firstranker's choice
www.FirstRanker.com www.FirstRanker.com

This question paper consists of 34 questions and 8 printed pages.
ਇਸ ਪ੍ਰਸ਼ਨ-ਪੱਤਰ ਵਿੱਚ 34 ਪ੍ਰਸ਼ਨ ਹਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No. 44/S/A/P

# PUNJABI
# ਪੰਜਾਬੀ
# (210)

ਪਰਿਖਿਆ ਦਾ ਦਿਨ ਅਤੇ ਮਿਤੀ ______________________

ਨਿਰੀਖਕਾਂ ਦੇ ਦਸਖ਼ਤ 1. ______________________

2. ______________________

## ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੇ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰਿਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 44/S/A/P ਜ਼ਰੂਰ ਲਿਖੋ ।



www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI

# ਪੰਜਾਬੀ

# (210)

Time : 3 Hours ] [Maximum Marks : 100

ਸਮਾਂ : 3 ਘੰਟੇ ] [ ਕੁੱਲ ਅੰਕ : 100

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

(3) ਪ੍ਰਸ਼ਨ 1–11 ਤੱਕ ਦੇ ਚਾਰ-ਚਾਰ ਵਿਕਲਪਿਤ ਉੱਤਰ ਦਿੱਤੇ ਹੋਏ ਹਨ, ਸਹੀ ਵਿਕਲਪ ਨੂੰ ਹੀ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ ।

1 'ਪ੍ਰਭੂ ਜੀ ਬਾਰ ਬਾਰ ਅਵਤਰੇ 1×11=11
ਹਰਨਾ ਖ਼ਸ਼ ਨਹੀਂ ਸਰੇ'
ਕਵੀ ਦਾ ਇਸ ਤੋਂ ਕੀ ਭਾਵ ਹੈ ਕਿ ਪ੍ਰਭੂ ਜੀ ਨੇ ਤਾਂ ਬਾਰ ਬਾਰ ਅਵਤਾਰ ਧਾਰਨ ਕੀਤਾ ਪਰ ਹਰਨਾਖ਼ਸ਼ ਨਹੀਂ ਸਰਿਆ :

(A) ਪ੍ਰਭੂ ਨੇ ਕਈ ਰੂਪਾਂ ਵਿੱਚ ਅਵਤਾਰ ਧਾਰਨ ਕੀਤਾ ਹੈ ।

(B) ਹਰਨਾਖ਼ਸ਼ ਦੀ ਮੌਤ ਪ੍ਰਾਚੀਨ ਕਾਲ ਵਿੱਚ ਹੋ ਚੁੱਕੀ ਹੈ ।

(C) ਕਵੀ ਦਾ ਵਿਚਾਰ ਹੈ ਕਿ ਹਰਨਾਖ਼ਸ਼ ਬਿਰਤੀ ਵਾਲੇ ਮਨੁੱਖ ਬਾਰ ਬਾਰ ਜਨਮ ਧਾਰਨ ਕਰਦੇ ਰਹਿੰਦੇ ਹਨ ।

(D) ਪ੍ਰਹਿਲਾਦ ਹਰਨਾਖ਼ਸ਼ ਦੇ ਯੁੱਗ ਵਿੱਚ ਹੀ ਪੈਦਾ ਹੋਇਆ ਸੀ ।

2 ਸੂਫੀ ਕਵੀਆਂ ਨੇ ਕੀਤਾ :

(A) ਹਿੰਦੂ ਧਰਮ ਦੀ ਵਿਰੋਧਤਾ ਕੀਤੀ ।

(B) ਇਸਲਾਮ ਦੇ ਕੱਟੜ ਅਸੂਲਾਂ ਨੂੰ ਪ੍ਰਵਾਨ ਕੀਤਾ ।

(C) ਰੱਬ ਨਾਲ ਪ੍ਰੇਮ ਅਤੇ ਭਗਤੀ ਨਾਲ ਰਿਸ਼ਤਾ ਜੋੜਿਆ ।

(D) ਇਸਲਾਮੀ ਕਰਮ ਕਾਂਡ ਦਾ ਪਰਚਾਰ ਕੀਤਾ ।

3 ਨਾਨਕ ਸਿੰਘ ਦੀ ਮਾਂ ਨੇ ਪਿਸ਼ਾਵਰ ਨਾ ਛੱਡਣਾ ਚਾਹਿਆਂ ਕਿਉਂਕਿ :

(A) ਉਸ ਨੂੰ ਸ਼ਹਿਰ ਚੰਗਾ ਲਗਦਾ ਸੀ ।

(B) ਉੱਥੇ ਉਸ ਦੇ ਰਿਸ਼ਤੇ ਦਾਰ ਰਹਿੰਦੇ ਸਨ ।

(C) ਉਹ ਆਪਣੇ ਪਤੀ ਦੀ ਗੱਦੀ ਉੱਤੇ ਬੈਠਣਾ ਚਾਹੁੰਦੀ ਸੀ ।

(D) ਉਸ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ।



www.FirstRanker.com

FirstRanker.com
Firstranker's choice
www.FirstRanker.com www.FirstRanker.com

4 ਧਰਤੀ ਹੇਠਲਾ ਬਲਦ ਕੌਣ ਸੀ :

(A) ਜਸਵੰਤ ਸਿੰਘ

(B) ਮਾਨ ਸਿੰਘ

(C) ਕਰਮ ਸਿੰਘ

(D) ਬਾਪੂ

5 ਤਾਊ ਚੰਗੀ ਰਾਮ ਨੇ ਐਨਕ ਇਸਕਰਕੇ ਲਾਈ ਕਿਉਂਕਿ :

(A) ਉਹਨਾਂ ਦੀ ਨਜ਼ਰ ਘੱਟ ਗਈ ਸੀ ।

(B) ਕਿਸੇ ਮਿੱਤਰ ਨੇ ਉਹਨਾ ਨੂੰ ਐਨਕ ਦੇ ਦਿੱਤੀ ਸੀ ।

(C) ਡਾਕਟਰ ਨੇ ਉਹਨਾਂ ਨੂੰ ਐਨਕ ਲਾਉਣ ਲਈ ਕਿਹਾ ਸੀ ।

(D) ਤਾਊ ਜੀ ਸਿਆਣਪਦਾ ਰੁਅਬ ਪਾਉਣਾ ਚਾਹੁੰਦੇ ਸਨ ।

6 'ਚਿੜੀਆ' ਇਕਾਂਗੀ ਦੀ ਪਾਤਰ 'ਸਤਨਾਮ' ਗੀਤ ਕਿਉਂ ਨਹੀ ਸੀ ਗਾਉਂਦੀ :

(A) ਉਸ ਦਾ ਗਲਾ ਖ਼ਰਾਬ ਸੀ ।

(B) ਉਹ ਕੁੜੀਆਂ ਨਾਲ ਗੁੱਸੇ ਹੈ ।

(C) ਉਹ ਪੇਰਿਆਂ ਦੇ ਵਿਛੋੜੇ ਕਾਰਨ ਉਦਾਸ ਹੈ ।

(D) ਉਸ ਨੂੰ ਗਾਉਣਾ ਨਹੀਂ ਆਉਂਦਾ ।

7 'ਰਾਂਝਾ' ਬਾਲ ਨਾਥ ਦੇ ਟਿੱਲੇ ਕਿਉਂ ਜਾਂਦਾ ਹੈ ?

(A) ਜੋਗ ਧਾਰਨ ਲਈ ।

(B) ਪੇਟ ਮੁੰਨਾਉਣ ਲਈ ।

(C) ਪਿਆਰ ਦੀ ਪ੍ਰਾਪਤੀ ਲਈ ।

(D) ਕੰਨ ਪੜਵਾਉਣ ਲਈ ।

8 'ਸਾਂਈ ਬੁੱਲੇ ਸ਼ਾਹ' ਨੇ ਰੱਬ ਦੀ ਪ੍ਰਾਪਤੀ ਕਿੱਥੋਂ ਦੱਸੀ ਹੈ ?

(A) ਮਸਜਿਦ ਵਿੱਚੋਂ

(B) ਠਾਕਰ ਦੁਆਰੇ ਵਿੱਚੋਂ

(C) ਆਪਣੇ ਮਨ ਵਿੱਚੋਂ

(D) ਜੰਗਲਾਂ ਅਤੇ ਬੇਲਿਆਂ ਵਿੱਚੋਂ



www.FirstRanker.com

FirstRanker.com
Firstranker's choice
www.FirstRanker.com www.FirstRanker.com

9 'ਮੁਹਾਵਰੇ' ਭਾਸ਼ਾ ਨੂੰ :

(A) ਔਖਾ ਬਣਾਉਂਦੇ ਹਨ ।

(B) ਕਮਜ਼ੋਰ ਬਣਾਉਂਦੇ ਹਨ ।

(C) ਸ਼ਕਤੀਸ਼ਾਲੀ ਬਣਾਉਂਦੇ ਹਨ ।

(D) ਸੌਖਾ ਬਣਾਉਂਦੇ ਹਨ ।

10 ਵਿਸ਼ੇਸ਼ਣ ਸ਼ਬਦ ਕਿਸ ਨਾਲ ਆਉਂਦਾ ਹੈ :

(A) ਸੰਬੰਧਕ ਨਾਲ

(B) ਕਿਰਿਆ ਨਾਲ

(C) ਨਾਂਵ ਨਾਲ

(D) ਕਿਸੇ ਨਾਲ ਨਹੀਂ

11 'ਅਸਾਂ ਤਾਂ ਜੋਬਨ ਰੁੱਤੇ ਮਰਨਾ' :

(A) ਕਵੀ ਜਵਾਨੀ ਦੀ ਰੁੱਤ ਵਿੱਚ ਮਰਨਾ ਚਾਹੁੰਦਾ ਹੈ ।

(B) ਕਵੀ ਜਿੰਦਗੀ ਵਿੱਚ ਬਹੁਤ ਨਿਰਾਸ਼ਾ ਹੈ ।

(C) ਕਵੀ ਦਾ ਵਿਚਾਰ ਹੈ ਜਵਾਨੀ ਦੀ ਰੁੱਤ ਵਿੱਚ ਮਰਨ ਵਾਲਾ ਫੁੱਲ ਜਾਂ ਤਾਰਾ ਬਣਦਾ ਹੈ ।

(D) ਕਵੀ ਜਿੰਦਗੀ ਵਿੱਚ ਬਹੁਤ ਖੁਸ਼ ਹੈ ।

12 'ਮਿੱਤਰਤਾ ਦੀ ਜਿੰਦਗੀ ਦੀ ਉਚਾਈ ਦਾ ਨਾਪ ਹੈ । ਮਿੱਤਰ ਬਣਨ ਲਈ ਬੜੀਆਂ ਕੋਮਲ ਸ਼ਿਫਤਾ ਚਾਹੀਦੀਆਂ ਹਨ । ਮਿੱਤਰਤਾ ਜਿੰਦਗੀ ਦਾ ਅਤਿ ਸ਼ੋਹਣਾ ਦ੍ਰਿਸ਼ ਹੈ । ਮਿੱਤਰ ਲਈ ਕੁਰਬਾਨ ਤੇ ਜਾਣ ਨਾਲੋਂ ਪ੍ਰੇਰਨਾ ਭਰੀ, ਮਨਸ਼ੁਧ ਕਰਨ ਵਾਲੀ ਘਟਨਾ ਘੱਟ ਹੀ ਕੋਈ ਹੋਰ ਖਿਆਲ ਕੀਤੀ ਜਾ ਸਕਦੀ ਹੈ । ਗਾਹਕ ਨੂੰ ਮਿੱਤਰ ਬਣਾਉ, ਮਾਤਹਿਤ ਨੂੰ ਮਿੱਤਰ ਬਣਾਉ । ਗੁਆਂਢੀ ਨੂੰ ਮਿੱਤਰ ਬਣਾਉ । ਜਿਸ ਨਾਲ ਤੁਹਾਡਾ ਵਾਹ ਪੈਂਦਾ ਹੈ ਜਦ ਤੱਕ ਤੁਸੀਂ ਉਸ ਨੂੰ ਆਪਣਾ ਮਿੱਤਰ ਬਣਾਉਣ ਵਿੱਚ ਕਮਯਾਬ ਨਹੀਂ ਹੁੰਦੇ ਤੁਹਾਡਾ ਤੋਖਲਾ ਦੂਰ ਨਹੀਂ ਹੋਵੇਗਾ । ਸਭ ਡਰ, ਸਹਿਮ, ਝੇੜੇ ਇਸ ਲਈ ਹਨ, ਕਿ ਦੂਜੀ ਧਿਰਦੀ ਮਿੱਤਰਤਾ ਦਾ ਯਕੀਨ ਨਹੀਂ ਹੁੰਦਾ । ਮਿੱਤਰਤਾ ਸਾਹਮਣੇ ਸਾਡੀ ਜ਼ਬਾਨ ਦੀ ਸਾਫ਼ ਤੁਰਦੀ ਹੈ, ਸਾਡਾ ਕਦਮ ਵੀ ਤਿੱਖਾਂ ਪੁੱਟਿਆ ਜਾਂਦਾ ਹੈ, ਸਾਨੂੰ ਅਕਲਾਂਵੀ ਚੰਗੀਆਂ ਸੁਝਦੀਆਂ ਹਨ, ਪਰ ਜਿੱਥੇ ਦੂਜੀ ਧਿਰ ਦੀ ਮਿੱਤਰਤਾ ਦਾ ਸ਼ੱਕ ਹੈ, ਉੱਥੇ ਹੀ ਸਾਡੀ ਜ਼ਬਾਨ ਥਿੜਕ ਜਾਂਦੀ ਹੈ ।'

(ੳ) ਮਿੱਤਰ ਬਣਨ ਲਈ ਕਿਸ ਦੀ ਲੋੜ ਹੁੰਦੀ ਹੈ ? 1

(A) ਬੁਰਾਈਆਂ ਦੀ

(B) ਕੋਮਲ ਸਿਫਤਾਂ ਦੀ

(C) ਸਿਫਾਰਿਸ਼ ਦੀ

(D) ਇਹਨਾਂ ਵਿੱਚੋਂ ਕੋਈ ਵੀ ਨਹੀਂ



www.FirstRanker.com

FirstRanker.com
Firstranker's choice
www.FirstRanker.com www.FirstRanker.com

(ਅ) ਮਿੱਤਰਤਾ ਕੀ ਹੈ ? 1

(A) ਕਠੋਰ ਭਾਵਾਂ ਦਾ ਸਮੂਹ ਹੈ ।

(B) ਡਰਦਾ ਘੇਰਾ ਹੈ ।

(C) ਕੋਮਲ ਭਾਵਾਂ ਦਾ ਸਮੂਹ ਹੈ ।

(D) ਸ਼ੱਕ ਦਾ ਦਾਇਰਾ ਹੈ ।

(ੲ) ਜ਼ਿੰਦਗੀ ਦੀ ਉੱਚਾਈ ਦਾ ਨਾਪ ਕੀ ਹੈ ? 1

(ਸ) ਸੱਭ ਤੋਂ ਵੱਧ ਪ੍ਰੇਰਨਾ ਭਰੀ ਘਟਨਾ ਕੀ ਹੁੰਦੀ ਹੈ ? 1

(ਹ) ਮਿੱਤਰ ਸੰਬੰਧੀ ਸਭ ਤੋਂ ਵਧ ਮਹੱਤਵਪੂਰਨ ਘਟਨਾ ਕਿਸ ਤਰਤ ਦੀ ਖਿਆਲ ਕੀਤੀ ਜਾ ਸਕਦੀ ਹੈ ? 2

(ਕ) ਮਿੱਤਰ ਬਣਾਉਣਾ ਕਿਉਂ ਜਰੂਰੀ ਹੈ ? 2

(ਖ) ਸ਼ੱਕ ਦੀ ਮਿਤਰਤਾ ਵਿੱਚ ਕੀ ਥਾਂ ਹੈ ? 2

(ਗ) ਦੂਜੇ ਧਿਰ ਦੀ ਮਿੱਤਰਤਾ ਤੇ ਯਕੀਨ ਨਾ ਹੋਣ ਦੇ ਕੀ ਚਿੰਨ ਹਨ ? 2

(ਘ) ਇਸ ਪੈਰੇ ਦਾ ਢੁਕਵਾਂ ਸਿਰਲੇਖ ਦਿਉ । 1

13 'ਵੇਦ ਕੁਰਾਨਾ ਪੜ੍ਹ ਪੜ੍ਹ ਥੱਕੇ
ਸਜਦੇ ਕਰਦਿਆਂ ਘਸ ਗਏ ਮੱਥੇ
ਨਾ ਰੱਬ ਤੀਰਥ ਨਾ ਰੱਬ ਮੱਕੇ
ਜਿਨ ਪਾਯਾ ਤਿਨ ਨੂਰ ਅਨਵਾਰ
ਇਸ਼ਕ ਦੀ ਨਵੀਉਂ ਨਹੀਂ ਬਹਾਰ ।'

(ੳ) ਇਹ ਕਾਵਿ ਪੰਗਤੀਆਂ ਕਿਸ ਸੂਫੀ ਕਵੀ ਦੀਆਂ ਹਨ : 1

(A) ਸ਼ਾਹ ਹੁਸੈਨ

(B) ਸੁਲਤਾਨ ਬਾਹੂ

(C) ਬੁੱਲ੍ਹੇ ਸ਼ਾਹ

(D) ਵਜੀਦ

(ਅ) ਕਵੀ ਨੂੰ ਰੱਬ ਮੱਕੇ ਜਾਂ ਤੀਰਥ ਉੱਤੇ ਕਿਉਂ ਨਹੀਂ ਮਿਲਦਾ : 1

(A) ਕਵੀ ਨੂੰ ਤੀਰਥ ਉੱਤੇ ਦਿਖਾਈ ਨਹੀਂ ਦਿੱਤਾ ।

(B) ਕਵੀ ਨੂੰ ਰੱਬ ਮੱਕੇ ਵੀ ਦਿਖਾਈ ਨਾ ਦਿੱਤਾ ।

(C) ਉਸ ਨੂੰ ਰੱਬ ਨੂਰ ਜਾਂ ਪ੍ਰਕਾਸ਼ ਦੇ ਰੂਪ ਵਿੱਚ ਮਿਲਿਆ ।

(ੲ) ਕਵੀ ਅਨੁਸਾਰ ਅਸਲ ਵਿੱਚ ਰੱਬ ਕਿੱਥੋਂ ਮਿਲਦਾ ਹੈ ਅਤੇ ਕਿਵੇਂ ? 2

(ਸ) ਕਵੀ ਦੇ ਪਿਆਰ ਕਰਨ ਦਾ ਨਵਾਂ ਢੰਗ ਕੀ ਹੈ ? ਜਿਸ ਨਾਲ ਉਸ ਨੂੰ ਰੱਬ ਮਿਲ ਗਿਆ । 2



www.FirstRanker.com

14 'ਧਰਤੀ ਹੇਠਲਾ ਬਲਦ' ਕਹਾਣੀ ਤੋਂ ਕੀ ਪਤਾ ਚਲਦਾ ਹੈ ਕਿ ਮਨੁੱਖ ਅੰਦਰ ਕਿੰਨਾ ਕਿੰਨਾ ਬਰਦਾ ਸ਼ਤ ਕਰਨ ਦੀ ਸ਼ਕਤੀ ਹੈ ? 1

15 ਨਾਨਕ ਸਿੰਘ ਆਪਣੀ ਸਵੈ ਜੀਵਨੀ ਵਿੱਚ ਕੀ ਦਸਦਾ ਹੈ ਕਿ ਉਸ ਨੂੰ ਜਿੰਦਗੀ ਵਿੱਚ ਜੋ ਮਾਨ ਸਤਿਕਾਰ ਮਿਲਿਆ ਉਹ ਕਿਸ ਦੇ ਕਾਰਨ ਮਿਲਿਆ ? 1

16 'ਪੰਜਾਬ ਨੂੰ ਕੂਕਾਂ' ਕਵਿਤਾ ਵਿੱਚ ਪ੍ਰੋ ਪੂਰਨ ਸਿੰਘ ਪੁਰਾਣੇ ਪੰਜਾਬ ਨੂੰ ਕਿਉਂ 'ਕੂਕਾਂ' ਮਾਰ ਰਿਹਾ ਹੈ ? 1

17 'ਪ੍ਰਭੂ ਜੀ ਬਾਰ ਬਾਰ ਅਵਤਰੇ ਹਰਨਾਖ਼ਸ਼ ਨਹੀਂ ਮਰੇ ।' ਉਪਰੋਕਤ ਪੰਗਤੀ ਵਿੱਚ ਕਵੀ ਕਿਹੜੇ ਹਰਨਾਖ਼ਸ਼ ਦੀ ਗੱਲ ਕਰ ਰਿਹਾ ਹੈ ? 1

18 'ਝੂਠ ਅਤੇ ਸੱਚ' ਪਾਠ ਵਿੱਚ ਤੀਜੇ ਕੁੱਤੇ ਦਾ ਸੰਕੇਤ ਕਿਸ ਵੱਲ ਹੈ ? ਜਰਮਨੀ ਵਿੱਚ ਕਿਹੋ ਜਹੀ ਦਸ਼ਾ ਸੀ ? 2

19 ਅਦਰਮਕ ਕਿਰਿਆ ਅਤੇ ਸਕਰਮਕ ਕਿਰਿਆ ਵਿੱਚ ਕੀ ਅੰਤਰ ਹੈ ? ਉਦਾਹਰਨ ਸਹਿਤ ਲਿਖੋ । 2

20 ਹੇਠ ਲਿਖੇ ਕਿਰਿਆ ਸ਼ਬਦਾਂ ਤੋਂ ਨਾਂਵ ਸ਼ਬਦ ਬਣਾਉ : 2

ਸੁਣ, ਚੰਗਾ, ਨਿੰਦਣਾ, ਪੜ੍ਹ ।

21 ਹੇਠ ਲਿਖੇ ਮੁਹਾਵਰਿਆਂ ਨੂੰ ਇਸ ਪ੍ਰਕਾਰ ਆਪਣੇ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ (ਕੋਈ ਦੋ) 2

(i) ਧੇਲੇ ਦੀ ਅਕਲ ਨਾ ਹੋਣਾ

(ii) ਦੰਦ ਖੱਟੇ ਕਰਨੇ

(iii) ਤੱਤੀ'ਵਾ ਨਾ ਲਗਣਾ

22 ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ : 2

ਉਸਤੱਤ, ਚੜ੍ਹਨਾ, ਡੁਬਣਾ, ਨਿਰਬਲ ।

23 ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ : 2

ਭੈਣ, ਉਹ, ਫ਼ਾਸਲਾ, ਆਸ਼ਾ ।

24 ਹੇਠ ਲਿਖੇ ਅਧੂਰੇ ਅਖਾਣ ਪੂਰੇ ਕਰੋ : 2

(i) ਉੱਦਮ ਅੱਗੇ ਲੱਛਮੀ ..................................

(ii) ਬਗਲ ਵਿੱਚ ਛੁਰੀ ..................................

FirstRanker.com
Firstranker's choice
www.FirstRanker.com www.FirstRanker.com

25 ਹੇਠ ਲਿਖਿਆਂ ਦੇ ਸਮਾਸੀ ਸ਼ਬਦ ਬਣਾਉ : 2

(i) ਖਰੀਦ ਤੇ ਫਰੋਖ਼ਤ

(ii) ਭਾਗਾਂ ਨਾਲ ਭਰਿਆ

(iii) ਪ੍ਰੀਤੀ ਨਾਲ ਭੋਜ

(iv) ਯੁਗ ਦਾ ਪੁਰਸ਼

26 ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ : 1×4=4

(i) ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਦੇਸ ਸਾਰੇ ਅੰਦਰ

(ii) ਪੁਸਤਕਾਲਾ ਵਿੱਚ ਪਈਆਂ ਹਨ ਕਿਤਾਬਾਂ

(iii) ਸਾਰੀਆਂ ਟਿਕਟਾਂ ਹੱਥ ਹੱਥ ਵਿਕ ਗਈਆ

(iv) ਚੰਗੇ ਅਮਲਾਂ ਧਾਰਨੀ ਹੋਣਾ ਚਾਹੀਦਾ ਹੈ

27 ਹੇਠ ਲਿਖੇ ਪੈਰੇ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋਂ ਅਤੇ ਢੁਕਵਾਂ ਸਿਰਲੇਖ ਵੀ ਦਿਉ : 1+3=4

'ਭਾਈ ਗੁਰਦਾਸ ਜੀ ਦੀ ਸ਼ਖ਼ਸ਼ੀਅਤ ਬਹੁਤ ਉੱਚੀ ਸੀ । ਹਰ ਜਗਾ ਹਰ ਮੌਕੇ ਉੱਤੇ ਆਪ ਜੀ ਦਾ ਪ੍ਰਭਾਵ ਬਹੁਤ ਡੂੰਘਾ ਪੈਂਦਾ ਸੀ । ਆਪ ਦੀ ਪਦਵੀ ਗੁਰਸਿੱਖਾਂ ਅਤੇ ਵਿਦਵਾਨਾਂ ਵਿੱਚ ਬਹੁਤ ਉਂਘੀ ਸੀ । ਆਪ ਦੇ ਅੰਤਰ-ਆਤਮੇ ਸਤਿਗੁਰੂ ਜੀ ਆਪ ਵਸਦੇ ਸਨ । ਗੁਰਬਾਣੀ ਗੁਣਕੇ, ਪੜ੍ਹਕੇ, ਵਿਚਾਰ ਕੇ, ਉਸ ਉੱਤੇ ਅਮਲ ਕਰਨ ਵਾਲੇ ਸਨ । ਦੇਸ ਦੇਸ਼ਾਂ ਤਰਾਂ ਵਿੱਚ ਗੁੜੇ, ਰਸ ਮਾਣਦੇ, ਵਿਚਰਦੇ ਬਹੁਤ ਦੁਨੀਆਂ ਨੂੰ ਦੇਖਦੇ, ਸਮਝਦੇ, ਤਰਜਰਬੇਕਾਰ ਗੁਰੂ ਸੇਵਕ ਸਨ । ਆਪ ਕੁਦਰਤ ਅਤੇ ਉਹਦੇ ਵਿਸਮਾਦ ਵਿੱਚ ਝੂਮਦੇ, ਗੁਰੂ ਦੇ ਨਿਕਟ ਵਰਤੀ ਸ਼ਰਧਾਲੂ ਵਿਦਵਾਨ ਕਵੀ ਸਨ । ਆਪ ਦੀ ਕਵਿਤਾ ਸੁਤੇ ਸਿਧ ਹੀ ਸਿਫ਼ਤ ਸਲਾਹ ਅਤੇ ਗੁਣਾਂ ਦਾ ਵਰਨਣ ਕਰਨਵਾਲੀ ਤੇ ਰਸਦਾਇਕ ਸੀ । ਸਤਿਗੁਰੂ ਜੀ ਆਪ ਸਮੇਂ ਸਮੇਂ ਸਿਰ ਇਹਨਾਂ ਦੀ ਕਵਿਤਾ ਸੁਣਦੇ, ਟੀਕਾ ਟਿੱਪਣੀ ਕਰਦੇ ਅਤੇ ਹੋਰ ਉਚਾਈਆਂ ਦੀ ਰੰਗਤ ਦਿੰਦੇ । ਸਤਿਗੁਰੂ ਜੀ ਨੇ ਭਾਈ ਸਾਹਿਬ ਨੂੰ ਪੂਰਨ ਕਲਾਕਾਰ ਬਣਾਉਣ ਦੀ ਬਖਸ਼ਿਸ਼ ਕੀਤੀ । ਕਈ ਵਰ ਦਿੱਤੇ, ਇਨਾਮ ਬਖਸ਼ੇ, ਉਤਸ਼ਾਹ ਦਿੱਤਾ ਤੇ ਵਡਿਆਇਆ । ਆਪ ਦੀ ਕਵਿਤਾ ਨੂੰ ਸਤਿਗੁਰੂ ਜੀ ਨੇ ਗੁਰ ਬਾਣੀ ਦੀ ਕੁੰਜੀ ਹੋਣ ਦਾ ਵਰ ਬਖਸ਼ਿਆ ।'

28 'ਜਿਹੀ ਸੰਗਤ ਤਿਹੀ ਰੰਗਤ' ਦਾ ਭਾਵ ਵਿਸਥਾਰ 100-125 ਸ਼ਬਦਾਂ ਵਿੱਚ ਲਿਖੋਂ । 5

29 ਅਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਹੇਠ ਲਿਖੇ ਪੀਰਡਾਂ ਨੂੰ ਧਿਆਨ ਵਿੱਚ ਰਖਦੇ ਹੋਏ ਛੇ ਦਿਨਾਂ ਦੇ 48 ਪੀਰਡਾਂ ਦੀ ਤਾਲਿਕਾ ਬਣਾਉ । 5

ਗਣਿਤ ਦੇ 8 ਪੀਰਡ, ਵਿਗਿਆਨ ਦੇ 9 ਪੀਰਡ, ਸਮਾਜਕ ਵਿਗਿਆਨ ਦੇ 9 ਪੀਰਡ, ਅੰਗਰੇਜੀ ਦੇ 8 ਪੀਰਡ, ਪੰਜਾਬੀ ਦੇ 6 ਪੀਰਡ, ਕੰਪਿਊਟਰ ਦਾ 1 ਪੀਰਡ, ਯੋਗਾ ਦਾ 1 ਪੀਰਡ, ਪੀ.ਟੀ. ਦੇ ਤਿੰਨ ਪੀਰਡ, ਲਾਇਬਰੇਰੀ ਦੇ ਤਿੰਨ ਪੀਰਡ ।



www.FirstRanker.com

FirstRanker.com
Firstranker's choice


30 'ਚਿੜੀਆਂ' ਇਕਾਂਗੀ ਨਾਇਕਾਂ ਸਤਨਾਮ ਦੇ ਚਰਿਤਰ ਬਾਰੇ 100-125 ਸ਼ਬਦਾਂ ਵਿੱਚ ਲਿਖੋਂ । 5

31 ਡਾ: ਵਨੀਤਾ ਦੀ ਕਵਿਤਾ 'ਯਸੋਧਰਾ' ਦਾ ਕੇਂਦਰੀ ਭਾਵ 100-125 ਸ਼ਬਦਾਂ ਵਿੱਚ ਲਿਖੋਂ । 5

32 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ 80-100 ਸ਼ਬਦਾਂ ਵਿੱਚ ਲਿਖੋਂ । 4

(i) ਪਰ-ਉਪਕਾਰ

(ii) ਸੱਚਾ ਸੁੱਖ

(iii) ਰੇਲਵੇ ਪਲੇਟ ਫਾਰਮ ਦਾ ਦ੍ਰਿਸ਼

(iv) ਗੁਆਂਢੀਆਂ ਨਾਲ ਹਲ ਕੇ ਰਹਿਣਾ

33 ਆਪਣੀ ਵੱਡੀ ਭੈਣ ਦੇ ਵਿਆਹ ਸਮੇਂ ਘੱਟ ਖਰਚ ਕਰਨ ਸੰਬੰਧੀ ਆਪਣੇ ਪਿਤਾ ਜੀ ਪੱਤਰ ਲਿਖਕੇ ਸੁਝਾਆ ਦੇਵੋ । 8

ਜਾਂ

ਆਪਣੇ ਚੰਗੇ ਅੰਕ ਪ੍ਰਾਪਤ ਕਰਕੇ ਉਪਨ ਸਕੂਲ ਤੋਂ ਦਸਵੀਂ ਜਮਾਤ ਪਾਸ ਕਰ ਲਈ ਹੈ, ਆਪਣੇ ਇਲਾਕੇ ਦੇ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਨੂੰ ਗਿਆਰ੍ਹਵੀਂ ਜਮਾਤ ਵਿੱਚ ਦਾਖਲ ਕਰਨ ਲਈ ਪ੍ਰਾਰਥਨਾ ਪੱਤਰ ਲਿਖੋਂ ।

34 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ ਲਗ-ਪਗ 200 ਸ਼ਬਦਾਂ ਦਾ ਲੇਖ ਲਿਖੋਂ : 10

(i) ਵਧਦੀ ਮਹਿੰਗਾਈ ਦੀ ਸਮੱਸਿਆ

(ii) ਨੌਜਵਾਨ ਪੀੜ੍ਹੀ ਤੇ ਕੇਬਲ ਟੀ.ਵੀ. ਦਾ ਪ੍ਰਭਾਵਾ

(iii) ਭੂਚਾਲ ਦੀ ਮਾਰ

(iv) ਵਿਦਿਆ ਵਿਚਾਰੀ ਤਾਂ ਪਰ-ਉਪਕਾਰੀ

(v) ਮੇਰਾ ਆਦਰਸ਼-ਮੇਰਾ ਆਦਰਸ਼ਕ ਅਧਿਆਪਕ ।



www.FirstRanker.com